# ਨੈਸ਼ਨਲ ਅਚੀਵਮੈਂਟ ਸਰਵੇ ਸੈਂਪਲ ਪੇਪਰ - 2
## ਜਮਾਤ-8ਵੀਂ (ਸਮਾਜਿਕ ਵਿਗਿਆਨ)

1. ਸੁਖਦੇਵ ਸਿੰਘ, ਸੁਖਜਿੰਦਰ ਸਿੰਘ ਅਤੇ ਬਲਦੇਵ ਭਾਟੀਆ ਤੁਹਾਡੇ ਲੋਕ ਸਭਾ ਹਲਕੇ ਵਿੱਚ ਚੋਣ ਲੜ ਰਹੇ ਹਨ। ਮੰਨ ਲਵੋ ਬਲਦੇਵ ਭਾਟੀਆ 1,00000 ਵੋਟਾਂ ਨਾਲ ਜਿੱਤ ਗਏ ਹਨ। ਹੁਣ ਉਹ ਕਿੱਥੇ ਬੈਠ ਕੇ ਆਪਣੀਆਂ ਸੇਵਾਵਾਂ ਨਿਭਾਉਣਗੇ ?

    ੳ. ਸੰਸਦ ਭਵਨ

    ਅ. ਪੰਚਾਇਤ ਭਵਨ

    ੲ. ਵਿਧਾਨ ਸਭਾ

    ਸ. ਨਗਰ ਪਾਲਿਕਾ

2. ਕੁਲਦੀਪ ਕੌਰ ਦੀ ਸ਼ਾਦੀ ਲੁਧਿਆਣੇ ਤੋਂ ਪਟਿਆਲਾ ਹੋ ਗਈ ਹੈ ।ਹੁਣ ਉਹ ਆਪਣੀ ਵੋਟ ਪਟਿਆਲਾ ਵਿਖੇ ਬਣਵਾਉਣਾ ਚਾਹੁੰਦੀ ਹੈ ।ਇਸ ਦੇ ਲਈ ਉਸ ਨੂੰ ਕਿਸ ਅਧਿਕਾਰੀ ਨੂੰ ਮਿਲਣਾ ਚਾਹੀਦਾ ਹੈ?

    ੳ. ਬੈਂਕ ਮੈਨੇਜਰ

    ਅ. ਥਾਣਾ ਮੁਖੀ

    ੲ. ਬੀ.ਐਲ.ਓ.

    ਸ. ਸਰਪੰਚ

3. ਮੰਨ ਲਓ ਪੰਜਾਬ ਸਰਕਾਰ ਅਧਿਆਪਕਾਂ ਦੀ ਤਨਖਾਹ ਦੇ ਸਬੰਧ ਵਿੱਚ ਇੱਕ ਬਿਲ ਪਾਸ ਕਰਨ ਜਾ ਰਹੀ ਹੈ। ਬਿਲ ਨੂੰ ਕਾਨੂੰਨ ਦੇ ਰੂਪ ਵਿੱਚ ਤਬਦੀਲ ਕਰਨ ਲਈ ਅਖ਼ੀਰ ਵਿੱਚ ਉਸ ਫ਼ਾਈਲ ਨੂੰ ਦਸਤਖ਼ਤ ਕਰਨ ਲਈ ਕਿਸ ਕੋਲ ਭੇਜਿਆ ਜਾਵੇਗਾ?

    ੳ. ਰਾਸ਼ਟਰਪਤੀ

    ਅ. ਮੁੱਖ ਮੰਤਰੀ

    ੲ. ਰਾਜਪਾਲ

    ਸ. ਸੁਪਰੀਮ ਕੋਰਟ ਦਾ ਮੁੱਖ ਜੱਜ

4. ਦਵਿੰਦਰ ਕੁਮਾਰ ਪਟਿਆਲਾ ਸਰਕਾਰੀ ਹਸਪਤਾਲ ਵਿੱਚ ਕੰਮ ਕਰਦਾ ਹੈ। ਹਸਪਤਾਲ ਦੇ ਨੇੜੇ ਬਹੁਤ ਸਾਰੇ ਮੈਰਿਜ਼ ਪੈਲੇਸ ਹਨ। ਇਹਨਾਂ ਵਿੱਚ ਦੇਰ ਰਾਤ ਤੱਕ ਵੱਜਦੇ ਸੰਗੀਤ ਕਾਰਨ ਮਰੀਜ਼ਾਂ ਨੂੰ ਬਹੁਤ ਪਰੇਸ਼ਾਨੀ ਹੁੰਦੀ ਹੈ। ਇਸ ਲਈ ਉਹ ਸ਼ਹਿਰੀ ਪ੍ਰਸ਼ਾਸਨ ਵਿਰੁੱਧ ਹਾਈ ਕੋਰਟ ਵਿੱਚ ਇੱਕ ਮੁਕੱਦਮਾ ਦਾਇਰ ਕਰਦਾ ਹੈ। ਹਾਈ ਕੋਰਟ ਇਸ ਮੁਕੱਦਮੇ ਨੂੰ ਕਿਸ ਕਿਸਮ ਦੇ ਅਧੀਨ ਦਰਜ਼ ਕਰੇਗੀ?

    ੳ. ਫੌਜਦਾਰੀ ਮੁਕੱਦਮਾ

    ਅ. ਸਿਵਲ ਮੁਕੱਦਮਾ

    ੲ. ਜਨ-ਹਿੱਤ ਮੁਕੱਦਮਾ

    ਸ. ਅਪੀਲ

5. ਅੰਮ੍ਰਿਤਸਰ ਦੇ ਜਲ੍ਹਿਆਂਵਾਲੇ ਬਾਗ ਵਿੱਚ 13 ਅਪ੍ਰੈਲ 1919 ਨੂੰ ਲਗਭਗ 20 ਹਜ਼ਾਰ ਲੋਕ ਇਕੱਠੇ ਹੋਏ ਸਨ। ਇਹਨਾਂ ਦੇ ਇਸ ਸ਼ਾਂਤੀਪੂਰਵਕ ਰੋਸ ਪ੍ਰਦਰਸ਼ਨ ਦਾ ਮੁੱਖ ਕਾਰਨ ਕੀ ਸੀ?

ੳ. ਰੋਲਟ ਐਕਟ
ਅ. ਨਾਂ-ਮਿਲਵਰਤਣ ਅੰਦੋਲਨ
ੲ. ਸਾਈਮਨ ਕਮਿਸ਼ਨ
ਸ. ਸਿਵਲ ਨਾ-ਫ਼ੁਰਮਾਨੀ ਅੰਦੋਲਨ

6. ਹਰਿੰਦਰ ਤੇ ਰਮੇਸ਼ ਦਾ ਝਗੜਾ ਹੋ ਗਿਆ ਹੈ, ਜਿਸ ਵਿੱਚ ਰਮੇਸ਼ ਨੂੰ ਸੱਟਾਂ ਲੱਗੀਆਂ। ਉਹ ਇਸ ਦੀ ਰਿਪੋਰਟ ਕਰਨ ਲਈ ਕਿੱਥੇ ਜਾਵੇਗਾ?

ੳ. ਸਰਕਾਰੀ ਹਸਪਤਾਲ
ਅ. ਹਾਈ ਕੋਰਟ
ੲ. ਨੇੜੇ ਦੇ ਪੁਲਿਸ ਸਟੇਸ਼ਨ
ਸ. ਪ੍ਰਿੰਸੀਪਲ

7. ਕਾਨੂੰਨ ਨੂੰ ਬਨਾਉਣ ਦਾ ਕੰਮ ਸਰਕਾਰ ਦੇ ਕਿਹੜੇ ਅੰਗ ਦੁਆਰਾ ਕੀਤਾ ਜਾਂਦਾ ਹੈ?
ੳ. ਵਿਧਾਨ ਪਾਲਿਕਾ
ਅ. ਕਾਰਜ ਪਾਲਿਕਾ
ੲ. ਨਿਆਂ ਪਾਲਿਕਾ
ਸ. ਨਗਰ ਪਾਲਿਕਾ

8. ਮੁਫ਼ਤ ਅਤੇ ਲਾਜ਼ਮੀ ਵਿੱਦਿਆ ਦਾ ਅਧਿਕਾਰ ਕਿਹੜੀ ਜਮਾਤ ਤੱਕ ਲਾਗੂ ਹੈ?
ੳ. ਪੰਜਵੀਂ
ਅ. ਅੱਠਵੀਂ
ੲ. ਦਸਵੀਂ
ਸ. ਬਾਰਵੀਂ

9. ਤਸਵੀਰ ਕਿਹੜੀ ਕੁਦਰਤੀ ਆਫ਼ਤ ਦਾ ਪ੍ਰਭਾਵ ਦਰਸਾਉਂਦੀ ਹੈ?



ੳ. ਭੁਚਾਲ
ਅ. ਜਵਾਲਾਮੁਖੀ
ੲ. ਸੋਕਾ
ਸ. ਸੁਨਾਮੀ

10.




ਉਪਰੋਕਤ ਦਰਸਾਏ ਸਥਾਨਾਂ ਤੇ ਲੋਹਾ ਇਸਪਾਤ ਕਿਸ ਸਥਾਨ ਤੇ ਪਾਇਆ ਜਾਂਦਾ ਹੈ?

1. ਸ਼੍ਰੀ ਨਗਰ
2. ਜੈਪੁਰ
3. ਜਮਸ਼ੇਦਪੁਰ
4. ਅਜੰਤਾ

11.




ਉਪਰੋਕਤ ਤਸਵੀਰ ਵਿੱਚ ਦਰਸਾਏ ਵਿਅਕਤੀਆਂ ਦਾ ਸਬੰਧ ਇਤਿਹਾਸ ਦੀ ਕਿਸ ਘਟਨਾ ਨਾਲ ਹੈ?

1. ਪਹਿਲਾ ਵਿਸ਼ਵ ਯੁੱਧ
2. 1857 ਦਾ ਵਿਦਰੋਹ
3. ਕਿਸਾਨ ਵਿਦਰੋਹ
4. ਨੀਲ ਵਿਦਰੋਹ

12. ਅਜਿੰਦਰ ਸਿੰਘ ਧਾਗਾ ਬਣਾਉਣ ਦੀ ਫੈਕਟਰੀ ਲਗਾਉਣਾ ਚਾਹੁੰਦਾ ਹੈ। ਕੱਚੇ ਮਾਲ ਦੇ ਰੂਪ ਵਿੱਚ ਉਹ ਹੇਠ ਲਿਖੀਆਂ ਵਿੱਚੋ ਕਿਹੜੀ ਫ਼ਸਲ ਦਾ ਪ੍ਰਯੋਗ ਕਰੇਗਾ?

1. ਮੱਕੀ
2. ਕਣਕ
3. ਕਪਾਹ
4. ਚਾਹ

13. ਇਹਨਾਂ ਵਿੱਚੋਂ ਕਿਹੜਾ ਕਥਨ ਸਹੀ ਨਹੀਂ ਹੈ?

1. ਸੰਘਣੀ ਵੱਸੋਂ ਵਾਲੇ ਇਲਾਕਿਆਂ ਦਾ ਸਰਕਾਰ ਜਲਦੀ ਵਿਕਾਸ ਕਰਦੀ ਹੈ।
2. ਸੰਘਣੀ ਵੱਸੋਂ ਵਾਲੇ ਇਲਾਕਿਆਂ ਵਿੱਚ ਮਜ਼ਦੂਰ ਅਸਾਨੀ ਨਾਲ ਮਿਲ ਜਾਂਦੇ ਹਨ।
3. ਸੰਘਣੀ ਵੱਸੋਂ ਵਾਲੇ ਇਲਾਕਿਆਂ ਵਿੱਚ ਆਵਾਜਾਈ ਦੇ ਸਾਧਨਾਂ ਦਾ ਵਿਕਾਸ ਛੇਤੀ ਹੁੰਦਾ ਹੈ।
4. ਸੰਘਣੀ ਵੱਸੋਂ ਵਾਲੇ ਇਲਾਕਿਆਂ ਵਿੱਚ ਪ੍ਰਦੂਸ਼ਣ ਘੱਟ ਹੁੰਦਾ ਹੈ।

14. ਗੁਰਿੰਦਰ ਸਿੰਘ ਲੋਕ ਸਭਾ ਚੋਣਾਂ ਵਿੱਚ ਬਤੌਰ ਉਮੀਦਵਾਰ ਨਾਮਜ਼ਦਗੀ ਫਾਰਮ ਭਰਨ ਗਿਆ। ਫਾਰਮ ਵਿੱਚ ਵੇਰਵੇ ਹੇਠ ਲਿਖੇ ਅਨੁਸਾਰ ਦਿੱਤੇ।

| | |
|---|---|
| ਉਮੀਦਵਾਰ ਦਾ ਨਾਂ | ਗੁਰਿੰਦਰ ਸਿੰਘ |
| ਪਿਤਾ ਦਾ ਨਾਂ | ਰਾਮ ਸਿੰਘ |
| ਪਤਾ | 786, ਗੋਆ |
| ਉਮਰ | 22 ਸਾਲ |

ਗੁਰਿੰਦਰ ਸਿੰਘ ਦਾ ਨਾਮਜ਼ਦਗੀ ਫਾਰਮ ਰੱਦ ਕਰ ਦਿੱਤਾ ਗਿਆ। ਇਸ ਫਾਰਮ ਦੇ ਖਾਰਜ਼ ਹੋਣ ਦਾ ਕੀ ਕਾਰਣ ਹੈ?

1. ਉਮੀਦਵਾਰ ਦਾ ਨਾਂ
2. ਪਿਤਾ ਦਾ ਨਾਂ
3. ਪਤਾ
4. ਉਮਰ

15. ਤਾਂਬੇ ਵਿੱਚ ਕਿਹੜੀ ਧਾਤ ਮਿਲਾਕੇ ਕਾਂਸਾ ਬਣਾਇਆ ਜਾਂਦਾ ਹੈ?

1. ਲੋਹਾ
2. ਬਾਕਸਾਈਟ
3. ਨਿਕਲ
4. ਟਿਨ